New Doc 08-18-2025 14.56 (1).pdf Open with Google Docs

2025119089

ਵਜ਼ੀ-5

ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਪੰਜਵੀਂ ਮੰਜ਼ਿਲ, ਈ-ਬਲਾਕ, ਫੇਜ਼-8, ਐਸ.ਏ.ਐਸ ਨਗਰ।
(ਵਜ਼ੀਫਾ ਸ਼ਾਖਾ)

ਵੱਲ

ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿ)
ਪੰਜਾਬ।

ਮੀਮੋ ਨੰਬਰ 690523/2025 238344

ਮਿਤੀ 18-08-2025

ਵਿਸ਼ਾ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ OBC, EBC and DNT ਸਟੂਡੈਂਟ ਸਕੀਮ ਅਧੀਨ ਸਾਲ 2024-25 ਦੇ ਵਿਦਿਆਰਥੀਆਂ ਦੇ ਬੈਂਕ ਖਾਤੇ ਅਧਾਰ ਸੀਡਿੰਗ ਕਰਵਾਉਣ ਸਬੰਧੀ।

ਹਵਾਲਾ ਡਾਇਰੈਕਟਰ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੇ ਪੱਤਰ ਨੰਬਰ ਸ-17/8342-48 ਮਿਤੀ 16.06.2025 ਅਤੇ ਇਸ ਦਫਤਰ ਦੇ ਪੱਤਰ ਮਿਤੀ 18.06.2025 ਦੇ ਸਬੰਧ ਵਿਚ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਰਾਹੀਂ ਡਾਇਰੈਕਟਰ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਵਲੋਂ ਪ੍ਰਾਪਤ ਡਾਟਾ ਆਪ ਨੂੰ ਭੇਜ ਕੇ ਲਿਖਿਆ ਗਿਆ ਸੀ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ OBC, EBC and DNT ਸਟੂਡੈਂਟ ਸਕੀਮ ਅਧੀਨ ਸਾਲ 2024-25 ਦੇ 957 ਵਿਦਿਆਰਥੀਆਂ ਦੇ ਬੈਂਕ ਖਾਤੇ ਅਧਾਰ ਸੀਡਡ ਨਹੀਂ ਹਨ। ਇਨ੍ਹਾਂ ਵਿਦਿਆਰਥੀਆਂ ਦੇ ਬੈਂਕ ਖਾਤਿਆਂ ਦੀ ਤੁਰੰਤ ਆਧਾਰ ਸੀਡਿੰਗ ਕਰਵਾਏ ਜਾਣ, ਪ੍ਰੰਤੂ ਹਾਲੇ ਤੱਕ ਕਿਸੇ ਵੀ ਜਿਲ੍ਹੇ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਸਬੰਧਤ ਵਿਭਾਗ ਵਲੋਂ ਮੁੜ ਤੋਂ 957 ਵਿਦਿਆਰਥੀਆਂ ਦੀ ਲਿਸਟ ਪ੍ਰਾਪਤ ਹੋਈ ਹੈ, ਜਿਨ੍ਹਾਂ ਦੇ ਬੈਂਕ ਖਾਤੇ ਅਧਾਰ ਸੀਡ ਨਹੀਂ ਹਨ। ਇਸ ਲਈ ਆਪ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਵਿਦਿਆਰਥੀਆਂ ਦੇ ਬੈਂਕ ਖ਼ਾਤੇ 22.08.2025 ਤੱਕ ਹਰ ਹਾਲਤ ਵਿਚ ਆਧਾਰ ਸੀਡ ਕਰਵਾਏ ਜਾਣ।

(ਦਸਤਖਤ) 18/08/2025
ਸੁਪਰਡੰਟ (ਵਜ਼ੀਫ਼ਾ ਸ਼ਾਖਾ)

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ), ਬਠਿੰਡਾ

ਪਿੱਠ ਅੰਕਣ ਨੰ: ਵਜ਼ੀ-5/1(X)/2025/159 ਮਿਤੀ: 19-08-2025

ਉਪਰੋਕਤ ਦਾ ਉਤਾਰਾ ਸਮੂਹ/ਪ੍ਰਿੰਸੀਪਲ/ਇੰਚਾਰਜ/ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੋਸਟ ਮੈਟ੍ਰਿਕ ਓ.ਬੀ.ਸੀ 2024-25 ਦੇ ਵਿਦਿਆਰਥੀਆਂ ਦੀ ਆਧਾਰ ਸੀਡਿੰਗ ਕਰਵਾ ਦਿੱਤੀ ਜਾਵੇ ਤਾਂ ਜੋ ਵਿਦਿਆਰਥੀਆਂ ਨੂੰ ਉਹਨਾਂ ਦੀ ਬਣਦੀ ਰਾਸ਼ੀ ਮਿਲ ਸਕੇ। ਇਹ ਕੰਮ ਅਤਿ ਜ਼ਰੂਰੀ ਹੈ ਜੋ ਇਸ ਤੇ ਪਹਿਲ ਦੇ ਆਧਾਰ ਕੀਤਾ ਜਾਵੇ। ਜੇਕਰ ਕਿਸੇ ਵਿਦਿਆਰਥੀ ਦੇ ਬੈਂਕ ਖਾਤੇ ਵਿੱਚ ਆਧਾਰ ਸੀਡਿੰਗ ਰਹਿ ਜਾਂਦੀ ਹੈ ਤਾਂ ਇਸਦੀ ਨਿਰੋਲ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।

(ਦਸਤਖਤ) 19/8/25
ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ

ਸਹਾਇਕ ਜ਼ਿਲ੍ਹਾ ਸਿੱਖਿਆ ਅਫਸਰ
ਬਠਿੰਡਾ

Scanned with OKEN Scanner

Scanned with OKEN Scanner